# ਪਰਮੇਸ਼ੁਰ ਨੇ ਆਪਣੇ ਲੋਕ ਇਸਰਾਏਲੀਆਂ ਨੂੰ ਚੰਗੇ ਹੁਕਮ ਦਿੱਤੇ

ਪ੍ਰਾਰਥਨਾ: "ਪ੍ਰਭੂ, ਆਪਣੇ ਬੱਚਿਆਂ ਨੂੰ ਸਮਝਣ ਵਿੱਚ ਮਦਦ ਕਰ ਕਿ ਤੂੰ ਆਪਣੇ ਲੋਕਾਂ ਨੂੰ ਕਿਸੇ ਉੱਤਮ ਚੀਜ਼ ਲਈ ਤਿਆਰ ਕਰਨ ਲਈ ਪ੍ਰਾਚੀਨ ਹੁਕਮ ਦਿੱਤੇ।"

ਅਜਿਹੀਆਂ ਗਤੀਵਿਧੀਆਂ ਚੁਣੋ ਜਿਹੜੀਆਂ ਬੱਚਿਆਂ ਦੀਆਂ ਲੋੜਾਂ ਅਤੇ ਉਮਰ ਲਈ ਢੁੱਕਵੀਆਂ ਹਨ।


**ਮੂਸਾ ਨੂੰ ਦਸ ਹੁਕਮ ਮਿਲੇ।** ਇਕ ਵੱਡਾ ਬੱਚਾ ਜਾਂ ਸਿਖਿਅਕ : ਪੜ੍ਹੇ ਜਾਂ ਵਰਨਣ ਕਰੇ ਕਿ ਪਰਮੇਸ਼ੁਰ ਨੇ ਇਸਰਾਏਲ ਕੌਮ ਲਈ ਮੂਸਾ ਨੂੰ ਦਸ ਹੁਕਮ ਕਿਵੇਂ ਦਿੱਤੇ?

ਦੱਸੋ ਕਿ ਕਿਵੇਂ ਪਰਮੇਸ਼ੁਰ ਨੇ ਉਸਦੀ ਸ਼ਰਾ ਨੂੰ ਪ੍ਰਾਪਤ ਕਰਨ ਲਈ ਲੋਕਾਂ ਨੂੰ ਤਿਆਰ ਕੀਤਾ, ਕੂਚ 19:9-13

ਦੱਸੋ ਸੀਨਈ ਪਰਬਤ ਤੇ ਪਰਮੇਸ਼ੁਰ ਨੇ ਕੀ ਕੀਤਾ, ਕੂਚ 19:16-25

ਹਰ ਹੁਕਮ ਸੰਖੇਪ ਵਿੱਚ ਦੱਸੋ, ਕੂਚ 20:1-21

**ਬੱਚੇ ਇਸ ਚਿੱਤਰ ਦੀ ਨਕਲ ਉਤਾਰ ਸਕਦੇ ਹਨ।** ਵੱਡੇ ਬੱਚੇ ਹੁਕਮਾਂ ਨੂੰ ਲਿਖ ਸਕਦੇ ਹਨ




**1.** ਇਨ੍ਹਾਂ ਪ੍ਰਸ਼ਨਾਂ ਨੂੰ ਪੁੱਛੋ। ਹਰ ਪ੍ਰਸ਼ਨ ਦੇ ਅੱਗੇ ਆਇਤਾਂ ਨਾਲ ਉੱਤਰ ਦਿੱਤਾ ਗਿਆ ਹੈ।

- ਪਰਬਤ ਕਿਵੇਂ ਦਾ ਲੱਗਦਾ ਸੀ ਜਦੋਂ ਲੋਕ ਪਰਮੇਸ਼ੁਰ ਨੂੰ ਉੱਥੇ ਮਿਲਣ ਨੂੰ ਗਏ? ਕੂਚ 19:18
- ਜੇਕਰ ਲੋਕ ਪਰਬਤ ਨੂੰ ਛੂੰਹਦੇ ਤਾਂ ਕੀ ਹੁੰਦਾ? ਕੂਚ 19:24
- ਜਦੋਂ ਲੋਕਾਂ ਨੇ ਪਰਬਤ ਤੋਂ ਧੂੰਆਂ ਵੇਖਿਆ ਤਾਂ ਲੋਕਾਂ ਨੇ ਕਿਵੇਂ ਮਹਿਸੂਸ ਕੀਤਾ? ਕੂਚ 20:18
- ਪਰਮੇਸ਼ੁਰ ਨੇ ਮੂਸਾ ਨੂੰ ਕਿਹੜੇ ਦਸ ਹੁਕਮ ਦਿੱਤੇ? ਬੱਚਿਆਂ ਨੂੰ ਉਨ੍ਹਾਂ ਦੇ ਨਾਮ ਦੱਸਣ ਦਿਓ, ਜਿੰਨੇ ਉਹ ਯਾਦ ਕਰ ਸਕਦੇ ਹਨ।

**2.** **ਗਲਾਤੀਆਂ 5:18 ਦੀ ਵਿਆਖਿਆ ਕਰੋ "ਜੇ ਤੁਸੀਂ ਆਤਮਾ ਦੀ ਅਗਵਾਈ ਨਾਲ ਚੱਲਦੇ ਹੋ ਤਾਂ ਸ਼ਰਾ ਦੇ ਮਤਹਿਤ ਨਹੀਂ ਹੋ।"**

- ਕਿਉਂਕਿ ਯਿਸੂ ਮਰਿਆ ਅਤੇ ਮੁਰਦਿਆਂ ਵਿੱਚੋਂ ਜੀ ਉੱਠਿਆ, ਅਤੇ ਸਾਡੇ ਅੰਦਰ ਵਾਸ ਕਰਨ ਲਈ ਪਵਿੱਤਰ ਆਤਮਾ ਭੇਜਿਆ, ਹੁਣ ਅਸੀਂ ਪੁਰਾਣੇ ਨੇਮ ਦੀ ਪ੍ਰਾਚੀਨ ਸ਼ਰਾ ਦੇ ਅਧੀਨ ਨਹੀਂ ਹਾਂ। ਰੋਮੀਆਂ 6:14 ਆਇਤ ਸਾਨੂੰ ਯਕੀਨ ਦਿਵਾਉਂਦੀ ਹੈ, "ਤੁਸੀਂ ਸ਼ਰਾ ਦੇ ਹੇਠ ਨਹੀਂ ਸਗੋਂ ਕਿਰਪਾ ਦੇ ਹੇਠ ਹੋ।"
- ਯਿਸੂ ਨੇ ਇਸਰਾਏਲ ਦੀ ਕੌਮ ਨੂੰ ਦਿੱਤੀ ਗਈ ਪੁਰਾਣੀ ਸ਼ਰਾ ਨੂੰ ਪੂਰਾ ਕੀਤਾ, ਮੱਤੀ 5:17



- ਅਸੀਂ ਪਰਮੇਸ਼ੁਰ ਦੀ ਕਿਰਪਾ ਦੁਆਰਾ ਬਚਾਏ ਗਏ ਹਾਂ, ਨਾ ਕਿ ਪੁਰਾਣੀ ਸ਼ਰਾ ਨੂੰ ਮੰਨਕੇ, ਪਰ ਉਸਦੀ ਪਵਿੱਤਰ ਆਤਮਾ ਦੇ ਰੂਪਾਂਤਰ ਕਰਨ ਵਾਲੇ ਕੰਮ ਦੁਆਰਾ। ਅਫ਼. 2:8-10



- ਨਵੀਂ ਸ਼ਰਾ ਹੇਠ ਅਸੀਂ ਯਿਸੂ ਦੇ ਹੁਕਮਾਂ ਦੀ ਡਰ ਨਾਲ ਨਹੀਂ, ਪਰ ਪਿਆਰ ਨਾਲ ਪਾਲਨਾ ਕਰਦੇ ਹਾਂ। ਉਸਨੇ ਕਿਹਾ, ''ਜੇ ਤੁਸੀਂ ਮੈਨੂੰ ਪਿਆਰ ਕਰਦੇ ਹੋ ਤਾਂ ਮੇਰੇ ਹੁਕਮਾਂ ਦੀ ਪਾਲਨਾ ਕਰੋਗੇ।'' ਯੂਹੰਨਾ 14:15

**ਯਿਸੂ** ਨੇ ਬਹੁਤ ਸਾਰੀਆਂ ਗੱਲਾਂ ਦਾ ਹੁਕਮ ਕੀਤਾ। ਅਸੀਂ ਉਸਦੇ ਹੁਕਮਾਂ ਨੂੰ ਸੱਤ ਹੁਕਮਾਂ ਵਿੱਚ ਸੰਖੇਪ ਕਰ ਸਕਦੇ ਹਾਂ ਜਿਨ੍ਹਾਂ ਦੀ ਪਾਲਨਾ ਵਿਸ਼ਵਾਸੀ ਰਸੂਲਾਂ ਦੇ ਕਰਤੱਬ 2:37-47 ਵਿੱਚ ਕਰਦੇ ਸਨ:

1. ਤੋਬਾ ਕਰੋ, ਵਿਸ਼ਵਾਸ ਕਰੋ ਅਤੇ ਪਵਿੱਤਰ ਆਤਮਾ ਨਾਲ ਭਰ ਜਾਓ
2. ਬਪਤਿਸਮਾ ਲਓ
3. ਪਿਆਰ ਕਰੋ ਅਤੇ ਮਾਫ਼ ਕਰੋ
4. ਰੋਟੀ ਤੋੜੋ (ਪ੍ਰੱਭੂ ਭੋਜ)
5. ਪ੍ਰਾਰਥਨਾ ਕਰੋ
6. ਦਾਨ ਦਿਓ
7. ਚੇਲੇ ਬਣਾਓ

**3. ਮੂਸਾ ਦੀ ਕਹਾਣੀ ਅਤੇ ਦਸ ਹੁਕਮਾਂ ਨੂੰ ਨਾਟਕ ਦੇ ਰੂਪ ਵਿੱਚ ਪੇਸ਼ ਕਰੋ।**

ਇਸਨੂੰ ਪੇਸ਼ ਕਰਨ ਦਾ ਪ੍ਰਬੰਧ ਅਰਾਧਨਾ ਸਮੇਂ ਦੌਰਾਨ ਕਰੋ। ਬੱਚਿਆਂ ਨੂੰ ਸਿੱਖਿਆ ਦੇਣ ਦੇ ਸਮੇਂ ਦਾ ਪ੍ਰਯੋਗ ਇਨ੍ਹਾਂ ਪੰਜ ਕਿਰਦਾਰਾਂ ਨੂੰ ਨਿਭਾਉਣ ਦੀ ਤਿਆਰੀ ਕਰਨ ਲਈ ਕਰੋ: 1) ਕਥਾਵਾਚਕ: ਜੋ ਕਹਾਣੀ ਦਾ ਖੁਲਾਸਾ ਕਰਦਾ ਹੈ ਅਤੇ ਬੱਚਿਆਂ ਨੂੰ ਯਾਦ ਕਰਾਉਂਦਾ ਹੈ ਜੋ ਉਨ੍ਹਾਂ ਨੇ ਕਹਿਣਾ ਹੈ, 2) ਪਰਮੇਸ਼ੁਰ ਦੀ ਅਵਾਜ਼ 3) ਮੂਸਾ 4) ਪੌਲੁਸ 5) ਇਸਰਾਏਲੀ (ਛੋਟੇ ਬੱਚੇ)।

**ਕਥਾਵਾਚਕ** : ''ਇਸਰਾਏਲ ਦੀ ਨਵੀਂ ਕੌਮ, ਜਿਸ ਵਿੱਚ ਹਜ਼ਾਰਾਂ ਲੋਕ ਸਨ, ਉਜਾੜ ਵਿੱਚ ਬਿਨ੍ਹਾਂ ਸ਼ਰਾ ਦੇ ਭਟਕ ਰਹੀ ਸੀ। ਪਰਮੇਸ਼ੁਰ ਨੇ ਉਨ੍ਹਾਂ ਨੂੰ ਆਪਣੀ ਪਵਿੱਤਰ ਸ਼ਰਾ ਨੂੰ ਕਬੂਲ ਕਰਨ ਲਈ ਤਿਆਰ ਕੀਤਾ। ਸੁਣੋ ਪਰਮੇਸ਼ੁਰ ਨੇ ਉਨ੍ਹਾਂ ਦੇ ਆਗੂ ਮੂਸਾ ਨੂੰ ਕੀ ਕਿਹਾ।''

**ਪਰਮੇਸ਼ੁਰ ਦੀ ਅਵਾਜ਼** : ਕੂਚ 19:9-15 ਨੂੰ ਜ਼ੋਰ ਨਾਲ ਉੱਚੀ ਅਵਾਜ਼ ਵਿੱਚ ਪੜ੍ਹੋ।

**ਕਥਾਵਾਚਕ** : ''ਸੁਣੋ ਇਸਰਾਏਲ ਦੇ ਲੋਕਾਂ ਨੇ ਕੀ ਕਿਹਾ।''

**ਇਸਰਾਏਲੀ** : ਜ਼ੋਰ ਨਾਲ ਕਹੋ, ''ਪਰਬਤ ਤੇ ਧੂੰਏ ਨੂੰ ਵੇਖੋ!''-''ਗਰਜ ਰਹੀਆਂ ਲਿਸ਼ਕਾਂ ਵੇਖੋ!''-''ਬੱਦਲਾਂ ਦੀ ਗਰਜ ਤੋਂ ਮੈਨੂੰ ਡਰ ਲੱਗਦਾ ਹੈ!''-''ਅਸੀਂ ਪਰਮੇਸ਼ੁਰ ਦੇ ਨੇੜੇ ਨਹੀਂ ਜਾ ਸਕਦੇ, ਨਹੀਂ ਤਾਂ ਅਸੀ ਮਰ ਜਾਵਾਂਗੇ!”

**ਕਥਾਵਾਚਕ** : ਕੂਚ ੧੯:੧੬-੨੦ ਪੜ੍ਹੋ। ਫਿਰ ਕਹੋ, ''ਸੁਣੋ ਪਰਮੇਸ਼ੁਰ ਨੇ ਮੂਸਾ ਨੂੰ ਕੀ ਕਿਹਾ।''

**ਪਰਮੇਸ਼ੁਰ ਦੀ ਅਵਾਜ਼** : ਕੂਚ ੧੯:੨੧ ਵਿੱਚ ਪਰਮੇਸ਼ੁਰ ਦੇ ਵਚਨਾਂ ਨੂੰ ਜ਼ੋਰ ਨਾਲ ਪੜ੍ਹੋ।

**ਕਥਾਵਾਚਕ** : ਦੱਸੋ ਕਿ ਪਰਮੇਸ਼ੁਰ ਨੇ ਮੂਸ਼ਾ ਨੂੰ ਪਰਬਤ ਤੇ ਆ ਕੇ ਲੋਕਾਂ ਲਈ ਹੁਕਮਾਂ ਨੂੰ ਲੈ ਕੇ ਜਾਣ ਲਈ ਕਿਹਾ। ਫਿਰ ਕਹੋ, ''ਸੁਣੋ ਪਰਮੇਸ਼ੁਰ ਨੇ ਪਹਾੜ ਉੱਤੇ ਮੂਸਾ ਨੂੰ ਕੀ ਕਿਹਾ।''

**ਮੂਸਾ** : ਕੁਰਸੀ ਉੱਤੇ ਚੜ੍ਹੋ ਅਤੇ ਕਹੋ, ''ਅਸੀਂ ਇਨ੍ਹਾਂ ਹੁਕਮਾਂ ਦੀ ਪਾਲਨਾ ਕਰੇਂਗਾ ਤਾਂ ਜੋ ਪਰਮੇਸ਼ੁਰ ਸਾਨੂੰ ਬਰਕਤ ਦੇਵੇ।''

**ਕਥਾਵਾਚਕ** : ''ਗਲਾਤੀਆਂ 5:18 ਦੱਸਦੀ ਹੈ, ''ਜੇ ਤੁਸੀਂ ਆਤਮਾ ਦੀ ਅਗਵਾਈ ਨਾਲ ਚੱਲਦੇ ਹੋ ਤਾਂ ਸ਼ਰਾ ਦੇ ਮਤਹਿਤ ਨਹੀਂ ਹੋ।'' ਸੁਣੋ ਪਰਮੇਸ਼ੁਰ ਦੇ ਨਵਾਂ ਨੇਮ ਬਣਾਉਣ ਤੋਂ ਬਾਅਦ ਪੌਲੁਸ ਨੇ ਕਈ ਸਾਲਾਂ ਬਾਅਦ ਕੀ ਕਿਹਾ।''

**ਪੌਲੁਸ** : ''ਯਿਸੂ ਸਾਨੂੰ ਬਚਾਉਣ ਲਈ ਮਰਿਆ। ਅਸੀਂ ਸ਼ਰਾ ਦੇ ਹੇਠ ਨਹੀਂ ਹਾਂ। ਅਸੀਂ ਪਿਆਰ ਨਾਲ ਯਿਸੂ ਦੇ ਹੁਕਮਾਂ ਦੀ ਪਾਲਨਾ ਕਰਦੇ ਹਾਂ।''

**ਇਸਰਾਏਲੀ** : ਰੌਲਾ ਪਾਓ: ''ਤਾਂ ਫਿਰ ਹੁਣ ਅਸੀਂ ਪਰਮੇਸ਼ੁਰ ਦੀ ਸ਼ਰਾ ਨੂੰ ਤੋੜ ਸਕਦੇ ਹਾਂ!''-''ਅਸੀਂ ਜੋ ਚਾਹੀਏ ਕਰ ਸਕਦੇ ਹਾਂ!''-''ਆਓ ਪਾਪ ਕਰੀਏ, ਤਾਂ ਜੋ ਪਰਮੇਸ਼ੁਰ ਸਾਨੂੰ ਜਿਆਦਾ ਮਾਫ਼ੀ ਅਤੇ ਪਿਆਰ ਵਿਖਾ ਸਕੇ!''

**ਪੌਲੁਸ** : ''ਨਹੀਂ! ਨਹੀਂ! ਨਹੀਂ! ਪਰਮੇਸ਼ੁਰ ਪਵਿੱਤਰ ਹੈ! ਅਸੀਂ ਪਿਆਰ ਨਾਲ ਯਿਸੂ ਦੀ ਆਗਿਆ ਦਾ ਪਾਲਨ ਕਰਦੇ ਹਾਂ। ਉਹ ਸਾਨੂੰ ਪਰਮੇਸ਼ੁਰ ਨੂੰ ਅਤੇ ਇਕ ਦੂਜੇ ਨੂੰ ਪਿਆਰ ਕਰਨ ਦਾ ਹੁਕਮ ਦੇਂਦਾ ਹੈ, ਉਸਦਾ ਪਵਿੱਤਰ ਆਤਮਾ ਸਾਡੇ ਦਿਲਾਂ ਵਿੱਚ ਪਿਆਰ ਉਤਪੰਨ ਕਰਦਾ ਹੈ। ਜੇਕਰ ਅਸੀਂ ਪਿਆਰ ਕਰਦੇ ਹਾਂ, ਤਾਂ ਅਸੀਂ ਖ਼ੂਨ ਜਾਂ ਚੋਰੀ ਜਾਂ ਮੂਰਤੀਆਂ ਦੀ ਅਰਾਧਨਾ ਨਹੀਂ ਕਰਾਂਗੇ। ਅਸੀਂ ਉਹੋ ਕਰਾਂਗੇ ਜੋ ਪਰਮੇਸ਼ੁਰ ਨੂੰ ਪ੍ਰਸੰਨ ਹੈ।''

**ਇਸਰਾਏਲੀ** : ਰੌਲਾ ਪਾਓ: ''ਕੀ ਪਰਮੇਸ਼ੁਰ ਪਰਬਤ ਤੇ ਲਿਸ਼ਕਾਂ ਅਤੇ ਧੂੰਏ ਨਾਲ ਪ੍ਰਗਟ ਹੋਵੇਗਾ?''-''ਉਹ ਬਹੁਤ ਦੂਰ ਹੈ ਅਤੇ ਪਵਿੱਤਰ ਵੀ।-ਅਸੀਂ ਉਸਦੇ ਨੇੜੇ ਨਹੀਂ ਜਾ ਸਕਦੇ।''-''ਮੈਨੂੰ ਉਸ ਨਾਲ ਗੱਲ ਕਰਨ ਤੋਂ ਡਰ ਲੱਗਦਾ ਹੈ।''


**ਪੌਲੁਸ** : ''ਨਹੀਂ! ਨਹੀਂ! ਨਹੀਂ! ਨਵੇਂ ਨੇਮ ਅਧੀਨ, ਪਰਮੇਸ਼ੁਰ ਹੁਣ ਸਾਡੇ ਤੋਂ ਦੂਰ ਨਹੀਂ ਹੈ। ਉਹ ਸਾਡੇ ਅੰਦਰ ਰਹਿੰਦਾ ਹੈ। ਅਸੀਂ ਉਸ ਨਾਲ ਪਿਤਾ ਵਾਂਗਰ ਗੱਲਬਾਤ ਕਰ ਸਕਦੇ ਹਾਂ। ਹੁਣ ਅਸੀਂ ਉਸ ਨਾਲ ਗੱਲ ਕਰਨ ਤੋਂ ਨਹੀਂ ਡਰਦੇ ਹਾਂ।''

**ਕਥਾਵਾਚਕ** : ਜਦੋਂ ਨਾਟਕ ਖ਼ਤਮ ਹੋ ਜਾਵੇ ਬੱਚਿਆਂ ਦਾ ਧੰਨਵਾਦ ਕਰੇ। ਉਨ੍ਹਾਂ ਨੂੰ ਪੁੱਛੋ ਕਿ ਕੀ ਉਨ੍ਹਾਂ ਕੋਲ ਕੋਈ ਪ੍ਰਸ਼ਨ ਹਨ, ਜਿਨ੍ਹਾਂ ਦਾ ਜਵਾਬ ਉਨ੍ਹਾਂ ਨੂੰ ਬਾਲਗ ਦੇਣ। (ਭਾਗ ੨ ਅਧੀਨ ਦਿੱਤੇ ਪ੍ਰਸ਼ਨਾਂ ਨੂੰ ਬਾਲਗਾਂ ਕੋਲੋਂ ਪੁੱਛਣ ਲਈ ਉਨ੍ਹਾਂ ਨੂੰ ਤਿਆਰ ਕਰੋ)।

**ਵਿੱਚਾਰ ਵਿਮਰਸ਼** : ਬੱਚਿਆਂ ਕੋਲੋਂ ਪੁੱਛੋ, ''ਪੁਰਾਣੀ ਸ਼ਰਾ ਅਤੇ ਜਿਸ ਤਰ੍ਹਾਂ ਹੁਣ ਅਸੀਂ ਯਿਸੂ ਦੀ ਆਗਿਆ ਦਾ ਪਾਲਨ ਕਰਦੇ ਹਾਂ, ਉਨ੍ਹਾਂ ਵਿੱਚ ਕੀ ਫ਼ਰਕ ਹੈ? (ਉਨ੍ਹਾਂ ਨੂੰ ਉਦਾਹਰਣ ਦੇਣ ਦਿਓ।)

ਬੱਚਿਆਂ ਦੇ ਲਈ ਨਕਲ ਕਰਨ ਨੂੰ ਇਕ ਪਰਬਤ ਦਾ **ਚਿੱਤਰ ਬਣਾਓ,** ਜਿਸ ਤੋਂ ਧੂੰਆਂ ਨਿਕਲ ਰਿਹਾ ਹੋਵੇ। ਉਨ੍ਹਾਂ ਨੂੰ ਇਹ ਚਿੱਤਰ, ਬਾਲਗਾਂ ਨੂੰ ਅਰਾਧਨਾ ਸਮੇਂ ਵਿਖਾਉਣ ਦਿਓ ਅਤੇ ਦੱਸਣ ਦਿਓ ਕਿ ਇਹ ਪਰਮੇਸ਼ੁਰ ਦੀ ਪਵਿੱਤਰਤਾ ਦੀ ਉਦਾਹਰਣ ਹਨ।

ਮੱਤੀ 7:12 **ਯਾਦ ਕਰੋ।**



**ਕਵਿਤਾ** : ਜ਼ਬੂਰਾਂ ਦੀ ਪੋਥੀ 19:7,10 ਅਤੇ 11 ਇਨ੍ਹਾਂ ਆਇਤਾਂ ਵਿੱਚੋਂ ਤਿੰਨ ਬੱਚਿਆਂ ਨੂੰ ਇਕ ਇਕ ਆਇਤ ਪੜ੍ਹਨ ਦਿਓ।

**ਪ੍ਰਾਰਥਨਾ** : ''ਪ੍ਰਭੂ, ਤੂੰ ਪਵਿੱਤਰ ਹੈ। ਤੂੰ ਸਾਡੇ ਪਾਪਾਂ ਨੂੰ ਨਫ਼ਰਤ ਕਰਦਾ ਹੈਂ। ਅਸੀਂ ਤੇਰਾ ਧੰਨਵਾਦ ਕਰਦੇ ਹਾਂ ਕਿ ਤੂੰ ਸਾਡੇ ਪਾਪ ਨੂੰ ਸਾਨੂੰ ਵਿਖਾਇਆ ਤਾਂ ਜੋ ਅਸੀਂ ਤੋਬਾ ਕਰੀਏ ਅਤੇ ਯਿਸੂ ਵਿੱਚ ਮਾਫ਼ੀ ਪ੍ਰਾਪਤ ਕਰ ਸਕੀਏ। ਅਸੀਂ ਤੇਰੀ ਆਗਿਆ ਦਾ ਪਾਲਨ ਕਰਨਾ ਚਾਹੁੰਦੇ ਹਾਂ, ਇਸ ਲਈ ਨਹੀਂ ਕਿ ਸ਼ਰਾ ਸਾਨੂੰ ਮਜ਼ਬੂਰ ਕਰਦੀ ਹੈ, ਪਰ ਇਸ ਲਈ ਕਿ ਅਸੀਂ ਤੈਨੂੰ ਪਿਆਰ ਕਰਦੇ ਹਾਂ।''

Copyright 2004 © by Paul-Timothy. May be freely copied. Download from www.Paul-Timothy.net